


# Slough Sikh School Trust
## Khalsa Primary School
Khalsa Maarg, off Wexham Road,
Slough, Berks, SL2 5QR
Tel: 01753 823501
http://www.khalsaprimaryschool.com


---

## - ਪ੍ਰੇਸ ਨੋਟ -

੧੧ ਜੂਨ ੨੦੨੦

ਹਾਲ ਹੀ ਵਿੱਚ ਖਾਲਸਾ ਅਕੈਡਮੀ ਟਰੱਸਟ ਨੂੰ ਖਾਲਸਾ ਸੈਕੰਡਰੀ ਅਕੈਡਮੀ ਦੇ ਸੰਬੰਧ ਵਿੱਚ ਸਮਾਪਤੀ ਨੋਟਿਸ ਪ੍ਰਕਾਸ਼ਿਤ ਕੀਤਾ ਗਿਆ ਹੈ ਜਿਸ ਦੇ ਮੱਦੇਨਜ਼ਰ ਖਾਲਸਾ ਸੈਕੰਡਰੀ ਅਕੈਡਮੀ ਇਕ ਨਵੇਂ ਟਰੱਸਟ ਨੂੰ ਸੌਂਪ ਦਿੱਤੀ ਜਾਵੇਗੀ।

ਅਸੀਂ, ਖਾਲਸਾ ਪ੍ਰਾਇਮਰੀ ਸਕੂਲ ਦੇ ਗਵਰਨਰਸ (Governors), ਅਤੇ ਟਰੱਸਟੀ ਨੇ ਰੀਜਨਲ ਸਕੂਲ ਕਮਿਸ਼ਨਰ ਆਫਿਸ ਨਾਲ ਮੁਢਲੀ ਗੱਲਬਾਤ ਕੀਤੀ ਹੈ ਅਤੇ ਅਸੀਂ ਆਪਣੀ ਦਿਲਚਸਪੀ ਦਾ ਪ੍ਰਗਟਾਵਾ ਕਰਨਾ ਚਾਹੁੰਦੇ ਹਾਂ ਅਤੇ ਰੀਜਨਲ ਸਕੂਲ ਕਮਿਸ਼ਨਰ ਅਤੇ ਹੈੱਡ ਟੀਚਰਸ ਬੋਰਡ ਨੂੰ ਦਰਖਾਸਤ ਕਰਨਾ ਚਾਹੁੰਦੇ ਹਾਂ।

ਅਸੀਂ ਸਬੰਧਤ ਮਾਤਾ-ਪਿਤਾ ਅਤੇ ਸਮਾਜ ਨੂੰ ਇਸ ਅਨਿਸ਼ਚਿਤ ਸਮੇਂ ਭਰੋਸਾ ਦੇਣ ਲਈ ਲਿਖ ਰਹੇ ਹਾਂ।ਬਹੁਤ ਸਾਰੇ ਖਾਲਸਾ ਸੈਕੰਡਰੀ ਅਕੈਡਮੀ ਦੇ ਵਿਦਿਆਰਥੀ ਜਿਹੜੇ ਖਾਲਸਾ ਪ੍ਰਾਇਮਰੀ ਸਕੂਲ ਤੋਂ ਗਏ ਹਨ ਉਹ ਸਿੱਖਿਆ ਦੇ ਗੁਣ ਜੋ ਉਹਨਾ ਨੂੰ ਦਿੱਤੇ ਗਏ ਹਨ ਅਤੇ ਉਹਨਾ ਦੀ ਭਾਵਾਤਮਕ ਸਿਹਤ ਅਤੇ ਭਲਾਈ ਤੇ ਜੋ ਜ਼ੋਰ ਦਿੱਤਾ ਗਿਆ ਹੈ ਉਸ ਤੋਂ ਉਹ ਪੂਰੀ ਤਰਾਂ ਜਾਣੂ ਹਨ।

ਜਿਸ ਤਰਾਂ ਤੁਹਾਨੂੰ ਪਤਾ ਹੈ ਕਿ ਆਫਸਟੈਡ (Ofsted) ਨੇ ਜਨਵਰੀ ੨੦੨੦ ਨੂੰ ਖਾਲਸਾ ਪ੍ਰਾਇਮਰੀ ਸਕੂਲ ਦਾ ਨਿਰੀਖਣ ਕੀਤਾ ਸੀ ਅਤੇ ਹਰ ਪੱਖ ਤੋਂ ਇਸ ਨੂੰ ਵਧੀਆ ਕਿਹਾ ਗਿਆ ਸੀ ਅਤੇ ਕਿਹਾ ਗਿਆ ਸੀ ਕਿ ਕਿਸੇ ਖੇਤਰ ਵਿੱਚ ਸੁਧਾਰ ਦੀ ਲੋੜ ਨਹੀ ਹੈ। ਸਾਡੇ ਸਕੂਲ ਦੀ ਉੱਨਤੀ/ਤਰੱਕੀ ਦਾ ਮਜ਼ਬੂਤ ਪਿਛੋਕੜ ਹੈ ਅਤੇ ਇਸ ਦੀ ਪਛਾਣ ਬਰਕਸ਼ਾਇਰ ਦੇ ਇਲਾਕੇ ਅਤੇ ਸਥਾਨਕ ਖੇਤਰ ਵਿੱਚ ਉੱਚੀ ਕਾਰਗੁਜਾਰੀ ਦੇ ਤੌਰ ਤੇ ਹੈ।ਇਸ ਤੋਂ ਇਲਾਵਾ ਅਸੀਂ ਸਥਾਨਕ ਅਤੇ ਪੂਰੇ ਰਾਜ਼ ਦੇ ਬਹੁਤ ਸਾਰੇ ਸਕੂਲਾਂ ਦੇ ਕਾਮਜਾਬ ਤਰੱਕੀ ਵਾਲੇ ਸਾਥੀ ਰਹੇ ਹਾਂ ਅਤੇ ਹੁਣ ਵੀ ਹਾਂ। ਸਾਡੇ ਇੱਕ ਅਧਿਆਪਕ ਯੂ ਕੇ ਨੈਸ਼ਨਲ ਟੀਚਰਜ ਐਵਾਰਡਜ ਦੇ ਦੁਆਰਾ ਸਾਲ ਦੇ 'ਸੰਭਾਵੀ ਅਧਿਆਪਕ' ਚੁਣੇ ਗਏ ਹਨ ਅਤੇ ਸਾਡੇ ਹੈੱਡ ਟੀਚਰਜ ਦਾ ਨਾਮ 'ਸਾਲ ਦੇ ਹੈੱਡ ਟੀਚਰਜ' ਲਈ ਨਾਮਜਦ ਕੀਤਾ ਗਿਆ ਹੈ।

ਅਸੀਂ ਜਾਣਦੇ ਹਾਂ ਕਿ ਖਾਲਸਾ ਸੈਕੰਡਰੀ ਅਕੈਡਮੀ ਦੇ ਵਿਦਿਆਰਥੀ ਅਤੇ ਉਹਨਾਂ ਦੇ ਪਰਿਵਾਰਾਂ ਲਈ ਸਿੱਖ ਸ਼ਿਧਾਂਤ ਬਹੁਤ ਮਹੱਤਵਪੂਰਨ ਹਨ। ਇੱਕ ਸਿੱਖੀ ਵਿਸ਼ਵਾਸ਼ ਵਾਲੇ ਸਕੂਲ ਦੇ ਤੌਰ ਤੇ ਖਾਲਸਾ ਪ੍ਰਾਇਮਰੀ ਸਕੂਲ ਦੀਆਂ ਕਦਰਾਂ ਅਤੇ ਕੀਮਤਾਂ ਸ਼੍ਰੀ ਗੁਰੁ ਨਾਨਕ ਦੇਵ ਸਾਹਿਬ ਜੀ ਦੀਆਂ ਸਿੱਖਿਆਵਾਂ ਤੇ ਆਧਾਰਿਤ ਹਨ ਅਤੇ ਇਹ ਸਾਡੇ ਪਾਠਕ੍ਰਮ ਦਾ ਮਹੱਤਵਪੂਰਨ ਹਿੱਸਾ ਹਨ, ਜੋ ਵੀ ਅਸੀਂ ਕਰਦੇ ਹਾਂ ਇਹਨਾਂ ਦੇ ਆਧਾਰ ਤੇ ਕਰਦੇ ਹਾਂ।ਸਾਡੇ ਸਕੂਲ ਵਿੱਚ ਆਉਣ ਵਾਲੇ ਲੋਕਾਂ ਨੂੰ ਸਕੂਲ ਦੇ ਰੂਹਾਨੀ ਪਹਿਲੂ/ਪੱਖ ਸਾਫ ਦਿਖਦੇ ਹਨ ਅਤੇ ਇਹ ਸਾਡੇ ਮਾਪਿਆਂ ਅਤੇ ਸਮਾਜ ਦੁਆਰਾ ਬਹੁਤ ਸਲਾਹੇ ਜਾਂਦੇ ਹਨ। ਮਿਸਾਲੀ ਕਦਰਾਂ ਦੀਆਂ ਹੋਰ ਉਦਾਹਰਣਾ ਦੇ ਨਾਲ-ਨਾਲ ਇਹਨਾਂ ਰੂਹਾਨੀ ਪਹਿਲੂਆਂ ਦਾ ਵੀ ਸਾਡੀ ਤਾਜਾ ਆਫਸਟੈਡ ਰਿਪੋਰਟ ਵਿੱਚ ਵੱਡੀ ਤਾਕਤ ਦੇ ਤੌਰ ਤੇ ਜਿਕਰ ਕੀਤਾ ਹੈ। ਜੇ ਸਫਲਤਾ ਮਿਲਦੀ ਹੈ ਤਾਂ ਅਸੀ ਇਹ ਯਕੀਨੀ ਬਣਾਉਂਦੇ ਹਾਂ ਕਿ ਖਾਲਸਾ ਸੈਕੰਡਰੀ ਅਕੈਡਮੀ ਵਿੱਚ ਸਿੱਖ ਅਚਾਰਾਂ ਨੂੰ ਬਣਾਈ ਰੱਖਿਆ ਜਾਵੇਗਾ ਅਤੇ ਇਹਨਾਂ ਦਾ ਵਿਕਾਸ ਕੀਤਾ ਜਾਵੇਗਾ ਅਤੇ ਖਾਲਸਾ ਸੈਕੰਡਰੀ ਅਕੈਡਮੀ ਸ਼੍ਰੀ ਅਕਾਲ ਤਖਤ ਸਾਹਿਬ ਦੁਆਰਾ ਜਾਰੀ ਕੀਤੀ ਸਿੱਖ ਰਹਿਤ ਮਰਿਆਦਾ ਦੇ ਅਨੁਸਾਰ ਹੀ ਚੱਲੇਗੀ ਜਿਸ ਤਰਾਂ ਖਾਲਸਾ ਪ੍ਰਾਇਮਰੀ ਸਕੂਲ ਚੱਲ ਰਿਹਾ ਹੈ।

ਭਾਵੇਂ ਅਜੇ ਕੋਈ ਫੈਂਸਲਾ ਨਹੀਂ ਹੋਇਆ, ਅਸੀਂ ਵਿਸ਼ਵਾਸ਼ ਕਰਦੇ ਹਾਂ ਕਿ ਇਹਨਾਂ ਪ੍ਰਬੰਧਾ ਨਾਲ ਖਾਲਸਾ ਪ੍ਰਾਇਮਰੀ ਸਕੂਲ, ਖਾਲਸਾ ਸੈਕੰਡਰੀ ਸਕੂਲ ਲਈ ਇੱਕ ਸਫਲ ਪ੍ਰਾਯੋਜਕ ਹੋਵੇਗਾ, ਦੋਵਾਂ ਸਕੂਲਾਂ ਵਿੱਚ ਬੱਚਿਆਂ ਅਤੇ ਮਾਪਿਆਂ ਨੂੰ ਮਹੱਤਵਪੂਰਨ ਲਾਭ ਹੋਵੇਗਾ।ਇਸ ਦੇ ਵਿੱਚ ਇੱਕ ਸਕੂਲ ਤੋਂ ਦੂਸਰੇ ਸਕੂਲ ਲਈ ਸ਼ਾਨਦਾਰ ਤਬਦੀਲੀ ਅਤੇ ਨਿਰੰਤਰਤਾ,ਬੱਚਿਆਂ ਲਈ ਵਧੀਆ ਨਤੀਜੇ ਯਕੀਨੀ ਹੋਣਗੇ, ਖਾਸ ਕਰਕੇ ਦੋਵਾਂ ਸਕੂਲਾਂ ਵਿੱਚ ਨੇੜਤਾ ਹੋਵੇਗੀ। ਖਾਲਸਾ ਪ੍ਰਾਇਮਰੀ ਸਕੂਲ ਪਹਿਲਾਂ ਹੀ ਚੰਗੀ ਤਰਾਂ ਸਥਾਪਿਤ, ਉੱਚੀਆਂ ਕੀਮਤਾਂ ਵਾਲਾ ਅਤੇ ਸਮਾਜ ਵਿੱਚ ਸਨਮਾਨਿਤ ਹੈ।ਪ੍ਰਾਇਮਰੀ ਸਕੂਲ ਵਿੱਚ ਸਾਡੇ ਕੋਲ ਸਫਲ ਸੈਕੰਡਰੀ ਪੜ੍ਹਾਈ ਦਾ ਖਾਸ ਤਜਰਬਾ ਹੈ ਅਤੇ ਸਾਨੂੰ ਵਿਸ਼ਵਾਸ਼ ਹੈ ਕਿ ਖਾਲਸਾ ਪ੍ਰਾਇਮਰੀ ਸਕੂਲ ਦੇ ਹਿੱਤਾਂ ਦੇ ਟਕਰਾਅ ਵਗੈਰ ਖਾਲਸਾ ਸੈਕੰਡਰੀ ਅਕੈਡਮੀ ਦੇ ਸਟੈਂਡਰਡ ਨੂੰ ਉੱਚਾ ਚੁੱਕਣ ਦੀ ਸਮਰੱਥਾ ਸਾਡੇ ਵਿੱਚ ਹੈ।

ਮਾਪਿਆਂ ਅਤੇ ਸਮਾਜ ਵਿੱਚ ਮਜਬੂਤ ਅਤੇ ਸ਼ਕਤੀਸ਼ਾਲੀ ਸੰਬੰਧ ਬਣਾਉਂਦੇ ਹੋਏ ਲੀਡਰਸ਼ਿਪ ਟੀਮ, ਸਟਾਫ, ਗਵਰਨਰਜ ਅਤੇ ਟਰੱਸਟੀਜ ਆਪਣਾ ਸਾਰਾ ਧਿਆਨ ਵਿਦਿਆਰਥੀਆਂ ਦੇ ਹਿੱਤ ਵਿੱਚ ਲਾਉਣਗੇ, ਪ੍ਰਾਇਮਰੀ ਸਕੂਲ ਦੇ ਮੌਜੂਦਾ ਵੱਕਾਰ ਦੀ ਤਰਾਂ ਇਹਨਾਂ ਦੀ ਕਦਰ ਕੀਤੀ ਜਾਵੇਗੀ।

ਜੇ ਸਾਡੀ ਦਰਖਾਸਤ ਸਫਲ ਹੁੰਦੀ ਹੈ ਤਾਂ ਅਮੀਰ ਅਤੇ ਭਿੰਨ-ਭਿੰਨ ਤਰਾਂ ਦੇ ਪਾਠਕ੍ਰਮ ਅਤੇ ਭਾਵਾਤਮਕ ਸਹਾਰੇ ਦੇ ਨਾਲ-ਨਾਲ ਸਾਰੇ ਬੱਚਿਆਂ ਦੀ ਸਫਲਤਾ ਲਈ ਸੰਭਵ ਮੌਕੇ ਯਕੀਨੀ ਬਣਾਉਣ ਲਈ ਅਸੀਂ ਪਰਿਵਾਰ ਅਤੇ ਸਮਾਜ ਨਾਲ ਚੰਗੀ ਗੱਲਬਾਤ ਦਾ ਧਿਆਨ ਰੱਖਾਂਗੇ।

ਸਾਨੂੰ ਆਸ ਹੈ ਕਿ ਇਹ ਖਾਲਸਾ ਸੈਕੰਡਰੀ ਅਕੈਡਮੀ ਦੇ ਗੈਰ ਸਿੱਖ ਟਰੱਸਟ ਦੇ ਹੱਥਾਂ ਵਿੱਚ ਜਾਣ ਦੀ ਫਿਕਰ ਨੂੰ ਸੌਖਾ ਕਰ ਦੇਵੇਗਾ ਅਤੇ ਅਸੀ ਇਕੱਠੇਂ ਬੱਚਿਆਂ ਦੀ ਭਲਾਈ ਲਈ ਪੜ੍ਹਾਈ ਅਤੇ ਸ਼ਾਸਨ ਦਾ ਸਟੈਂਡਰਡ ਉੱਚਾ ਚੁੱਕ ਸਕਦੇ ਹਾਂ।

- **ਗਵਰਨਰਜ ਅਤੇ ਟਰੱਸਟੀਜ ਖਾਲਸਾ ਪ੍ਰਾਇਮਰੀ ਸਕੂਲ, ਸਲੋਹ**

ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਈਮੇਲ ਕਰੋ info@kpsslough.com